ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ
(ਵਣ ਸਾਖਾ)

ਸੇਵਾ ਵਿਖੇ

1. ਪ੍ਰਧਾਨ, ਮੁੱਖ ਵਣ ਪਾਲ, ਪੰਜਾਬ,
ਚੰਡੀਗੜ੍ਹ।
2. ਮੈਨੇਜਿੰਗ ਡਾਇਰੈਕਰ,
ਪੰਜਾਬ ਰਾਜ ਵਣ ਵਿਕਾਸ ਨਿਗਮ,
ਚੰਡੀਗੜ੍ਹ।

ਮੀਮੋ ਨੰ:46/192/2010-ਵਣ-3/1069
ਚੰਡੀਗੜ੍ਹ ਮਿਤੀ: 12.11.2010

ਵਿਸ਼ਾ:- ਰਾਜ ਵਿੱਚ ਡੀਗਰੇਡਸ਼ਡ ਭੂਮੀ ਦੀ ਉਪਲਭੱਧਤਾ ਨਾ ਹੋਣ ਕਾਰਣ ਕੰਪਨਸੇਂਟਰੀ ਅਫਾਰਸਟੇਸ਼ਨ ਲਈ ਜਮੀਨ ਖਰੀਦਣ ਵਾਸਤੇ ਨੀਤੀ।

*****

ਭਾਰਤ ਸਰਕਾਰ ਵਲੋਂ ਕੰਪਨਸੇਟਰੀ ਅਫਾਰਸਟੇਸ਼ਨ ਸਬੰਧੀ ਗਾਈਡਲਾਈਨਜ ਜਾਰੀ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਨਿਯਮ, ਕਾਰਜ-ਪ੍ਰਣਾਲੀ, ਸ਼ਰਤਾਂ ਆਦਿ ਬਣਾਈਆਂ ਗਈਆਂ ਹਨ ਜੋ ਕਿ ਵਣ ਸੁਰੱਖਿਆ ਐਕਟ, 1980 ਅਧੀਨ ਪ੍ਰਵਾਨਗੀ ਲਈ ਭੇਜੇ ਜਾਣ ਵਾਲੇ ਕੇਸਾਂ ਵਿਚ ਅਪਨਾਈਆਂ ਜਾਣਗੀਆਂ। ਭਾਵੇਂ ਕਿ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਫਾਰੈਸਟ ਲੈਂਡ ਦੀ ਡਾਈਵਰਸ਼ਨ ਦੀ ਪ੍ਰਵਾਨਗੀ ਲਈ ਦੋ ਗੁਣਾ ਖਰਾਬ ਵਣ ਭੂੰਮੀ ਉਤੇ ਕੰਪਨਸੇਟਰੀ ਅਫਾਰਸਟੇਸਨ ਕਰਨ ਦਾ ਉਪਬੰਧ ਹੈ, ਪ੍ਰੰਤੂ ਪੰਜਾਬ ਵਿਚ ਮੌਜੂਦਾ ਸਥਿਤੀ ਇਹ ਹੈ ਕਿ ਜੋ ਵੀ ਸਰਕਾਰੀ ਵਣ ਰਕਬਾ ਉਪਲਭਧ ਹੈ ਉਸ ਉਤੇ ਜਾਂ ਤਾਂ ਪਹਿਲਾਂ ਪਲਾਂਟੇਸ਼ਨ ਕੀਤੀ ਜਾ ਚੁੱਕੀ ਹੈ ਜਾਂ ਉਹ ਰਕਬਾ ਕੈਂਪਾ ਪ੍ਰੋਜੈਕਟ ਅਤੇ ਦੂਜੀਆਂ ਸਕੀਮਾਂ ਅਧੀਨ ਪਲਾਟੇਸ਼ਨ ਲਈ ਚੁਣਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ 56,047.65 ਹੈਕਟਰ ਰਕਬਾ ਜੋ ਪਹਿਲਾਂ ਪੰਜਾਬ ਭੂੰਮੀ ਸੁਰੱਖਿਆ ਐਕਟ ਅਧੀਨ ਬੰਦ ਸੀ ਭਾਰਤ ਸਰਕਾਰ ਵਲੋਂ ਵਣ ਰਕਬੇ ਦੀ ਲਿਸਟ ਵਿੱਚੋਂ ਡੀਲਿਸਟ ਕਰਨ ਦੀ ਪ੍ਰਵਾਨਗੀ ਉਪਰੰਤ ਪੰਜਾਬ ਵਿਚ ਕੇਵਲ 5% ਭੁਗੋਲਿਕ ਏਰੀਆ ਹੀ ਵਣਾਂ ਅਧੀਨ ਰਹਿ ਜਾਵੇਗਾ। ਅਜਿਹੇ ਹਾਲਾਤਾਂ ਵਿਚ ਕੰਪਨਸੇਟਰੀ ਅਫਾਰਸਟੇਸਨ ਲਈ ਯੂਜਰ ਏਜੰਸੀਆਂ ਨੂੰ ਨਾਨ ਫਾਰੈਸਟ ਲੈਂਡ ਉਪਲਭੱਧ ਕਰਵਾਉਣ ਸਬੰਧੀ ਛੋਟ ਦੇਣ ਵਾਲੀਆਂ ਭਾਰਤ ਸਰਕਾਰ ਦੀਆਂ ਗਾਈਡਲਾਈਨਜ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ। ਭਾਰਤ ਸਰਕਾਰ ਤੋਂ ਡਿਵੈਲਪਮੈਂਟ ਪ੍ਰੋਜੈਕਟਾਂ ਲਈ ਵਣ ਰਕਬੇ ਦੀ ਡਾਈਵਰਸ਼ਨ ਦੀ ਪ੍ਰਵਾਨਗੀ ਲੈਂਣ ਲਈ ਰਾਜ ਕੋਲ ਕੰਪਨਸੇਟਰੀ ਅਫਾਰਸਟੇਸਨ ਕਰਨ ਲਈ ਗੈਰ ਵਣ ਰਕਬਾ ਖਰੀਦਣ ਦਾ ਹੀ ਇਕ ਮਾਤਰ ਵਿਕਲਪ ਰਹਿ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਕੇਸਾਂ ਵਿੱਚ ਜਿੱਥੇ ਵਣ ਰਕਬਾ ਸਿਰਫ ਕੁੱਝ ਮਰਲੇ/ਕਨਾਲਾਂ ਵਿਚ ਹੀ ਪ੍ਰਭਾਵਿਤ ਹੁੰਦਾ ਹੈ, ਅਜਿਹੇ ਕੇਸਾਂ ਵਿੱਚ ਜੋ ਕਿ ਯੂਜਰ ਏਜੰਸੀ

ਨੂੰ ਬਰਾਬਰ ਦਾ ਰਕਬਾ ਖਰੀਦ ਕਰਨ ਵਿਚ ਮੁਸ਼ਕਲ ਪੇਸ਼ ਆਉਂਦੀ ਹੈ ਅਤੇ ਜੇ ਯੂਜਰ ਏਜੰਸੀ ਅਜਿਹਾ ਰਕਬਾ ਖਰੀਦਣ ਲਈ ਸਮਰੱਥ ਵੀ ਹੁੰਦੀ ਹੈ ਤਾਂ ਵੀ ਇਤਨੇ ਛੋਟੇ ਰਕਬੇ ਦਾ ਵਣ ਦੇ ਤੌਰ ਤੇ ਪ੍ਰਬੰਧ ਅਤੇ ਵਿਕਾਸ ਕਰਨਾ ਮੁਸਕਲ ਹੈ। ਇਸ ਕਰਕੇ ਇਸ ਮੰਤਵ ਲਈ ਜਮੀਨ ਖਰੀਦਣ ਸਬੰਧੀ ਪਾਲਿਸੀ ਬਨਾਉਣੀ ਅਤੇ ਉਸ ਨੂੰ ਲਾਗੂ ਕਰਨਾ ਜਰੂਰੀ ਹੈ। ਹਾਲ ਦੀ ਘੜੀ ਵਣ ਸੁਰੱਖਿਆ ਐਕਟ, 1980 ਅਧੀਨ ਜੋ ਕੇਸ ਭਾਰਤ ਸਰਕਾਰ ਦੀ ਪ੍ਰਵਾਨਗੀ ਲਈ ਭੇਜੇ ਜਾਂਦੇ ਹਨ ਉਹ ਯੂਜਰ ਏਜੰਸੀ ਪਾਸੋਂ ਇਹ ਅੰਡਰਟੇਕਿੰਗ ਲੈ ਕੇ ਭੇਜੇ ਜਾ ਰਹੇ ਹਨ ਕਿ ਉਹ ਪੰਜਾਬ ਸਰਕਾਰ ਵਲੋਂ ਲਏ ਫੈਸਲੇ ਅਨੁਸਾਰ ਨਾਨ ਫਾਰੈਸਟ ਲੈਂਡ ਖਰੀਦਣ ਲਈ ਨਿਸਚਿਤ ਕੀਤੇ ਰੇਟਾਂ ਤੇ ਅਦਾਇਗੀ ਕਰਨਗੇ। ਅਜੇ ਇਸ ਸਬੰਧ ਵਿੱਚ ਅਜਿਹੀ ਪਾਲਿਸੀ ਦੀ ਅਣਹੋਂਦ ਕਾਰਨ ਯੁਜਰ ਏਜੰਸੀ ਪਾਸੋਂ ਨਾਨ ਫਾਰੈਸਟ ਲੈਂਡ ਖਰੀਦਣ ਲਈ ਬਣਦੀ ਰਕਮ ਜਮ੍ਹਾਂ ਨਹੀ ਕਰਵਾਈ ਜਾ ਰਹੀ ਹੈ। ਇਸ ਲਈ ਇਸ ਸਬੰਧੀ ਪਾਲਿਸੀ ਬਨਾਉਣ ਲਈ ਇਸ ਵਿਭਾਗ ਵੱਲੋਂ ਮੰਤਰੀ ਪ੍ਰੀਸਦ ਦੀ ਪ੍ਰਵਾਨਗੀ ਲਈ ਮੈਮੋਰੰਡਮ ਤਿਆਰ ਕਰਕੇ ਭੇਜਿਆ ਗਿਆ ਸੀ ਜੋ ਕਿ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 3.11.2010 ਨੂੰ ਹੋਈ ਮੀਟਿੰਗ ਵਿੱਚ ਪ੍ਰਵਾਨ ਕਰ ਲਿਆ ਗਿਆ ਹੈ। ਇਸ ਮੈਮੋਰੰਡਮ ਅਨੁਸਾਰ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਕੰਪਨਸੇਟਰੀ ਅਫਾਰਸਟੇਸ਼ਨ ਲਈ ਜਮੀਨ ਖਰੀਦਣ ਸਬੰਧੀ ਪਾਲਿਸੀ ਹੇਠ ਲਿਖੇ ਅਨੁਸਾਰ ਹੋਵੇਗੀ:-

1. ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਵੱਲੋਂ ਜਮੀਨ ਦੀ ਖਰੀਦ ਕਰਨ ਲਈ ਇਕ ਨਵੀਂ ਸਟੇਟ ਪਲੈਨ ਸਕੀਮ ਤਿਆਰ ਕੀਤੀ ਜਾਵੇਗੀ। ਪੰਜਾਬ ਰਾਜ ਵਣ ਵਿਕਾਸ ਨਿਗਮ ਲਿਮ: ਵਲੋਂ ਜੋ ਰਕਮ ਰਾਇਲਟੀ ਦੇ ਰੂਪ ਵਿਚ ਸਰਕਾਰ ਨੂੰ ਦਿੱਤੀ ਜਾਵੇਗੀ ਉਨ੍ਹਾਂ ਫੰਡਜ ਦੀ ਵਰਤੋਂ ਨਾਲ ਇਹ ਸਕੀਮ ਚਲਾਈ ਜਾਵੇਗੀ।

2. ਰਾਇਲਟੀ ਦੀ ਰਕਮ ਜੋ ਕਿ ਪਹਿਲਾਂ ਸਟੇਟ ਕਨਸੋਲੀਡੇਟਿਡ ਫੰਡ ਵਿਚ ਆਮਦਨ ਵਜੋਂ ਜਮ੍ਹਾਂ ਕਰਵਾਈ ਜਾਂਦੀ ਹੈ ਉਸ ਤੇ ਕੋਈ ਅਸਰ ਨਹੀਂ ਪਵੇਗਾ ਕਿਉਂਕਿ ਪਹਿਲਾਂ ਇਹ ਰਕਮ ਪ੍ਰਾਪਤੀ ਦੇ ਤੌਰ ਤੇ ਵਿਖਾਈ ਜਾਵੇਗੀ ਅਤੇ ਫਿਰ ਇਹ ਕੰਪਨਸੇਟਰੀ ਅਫਾਰਸਟੇਸ਼ਨ ਲਈ ਜਮੀਨ ਖਰੀਦਣ ਲਈ ਪਲੈਨ ਸਕੀਮ ਅਧੀਨ ਖਰਚੇ ਵਜੋਂ ਵਿਖਾਈ ਜਾਵੇਗੀ। ਇਸ ਵਿਚ ਕੇਵਲ ਇਹ ਹੀ ਅੰਤਰ ਹੋਵੇਗਾ ਕਿ ਇਸ ਖਰਚੇ ਲਈ ਵਿੱਤ ਵਿਭਾਗ ਦੀ ਪੂਰਵ ਸਹਿਮਤੀ ਲੈਣੀ ਦੀ ਥਾਂ ਇਸ ਖਰਚੇ ਲਈ ਐਕਸ ਪੋਸਟ ਫੈਕਟੋ ਪ੍ਰਵਾਨਗੀ ਲਈ ਜਾਵੇਗੀ। ਰਾਇਲਟੀ ਹੈਡ ਅਧੀਨ ਦਿੱਤੀ ਜਾਣ ਵਾਲੀ ਰਕਮ ਅਤੇ ਖਰਚੇ ਬਾਰੇ ਤਿਮਾਹੀ ਰਿਪੋਟ ਦੇ ਆਧਾਰ ਤੇ ਵਿੱਤ ਵਿਭਾਗ ਨੂੰ ਸੂਚਿਤ ਕੀਤਾ ਜਾਵੇਗਾ ਤਾਂ ਜੋ ਆਮਦਨ ਤੇ ਖਰਚੇ ਸਬੰਧੀ ਰਾਜ ਦੇ ਖਾਤੇ ਵਿਚ ਉਚਿਤ/ਸਹੀਂ ਹੈਡਾਂ ਵਿਚ ਇੰਦਰਾਜ ਕੀਤੇ ਜਾ ਸਕਣ।

3. ਡਾਈਵਰਸ਼ਨ ਦੇ ਕੇਸਾਂ ਕਾਰਨ ਵੱਡੀ ਗਿਣਤੀ ਵਿਚ ਛੋਟੇ-2 ਟੁਕੜਿਆਂ ਨਾਲ ਜੋ ਵਣ ਰਕਬਾ ਪ੍ਰਭਾਵਿਤ ਹੋਇਆ ਹੈ ਉਸ ਨੂੰ ਧਿਆਨ ਵਿਚ ਰੱਖਦੇ ਹੋਏ ਵਣ ਨਿਗਮ ਨੂੰ ਆਪਣੇ ਫੰਡਜ ਨਾਲ ਜੋ ਕਿ ਉਨ੍ਹਾਂ ਦੀ ਬੈਲੈਂਸ ਸ਼ੀਟ ਵਿਚ ਰਾਖਵਾਂ ਵਿਖਾਇਆ ਗਿਆ ਹੈ, ਪੰਜਾਬ ਵਣ ਵਿਭਾਗ ਦੇ ਨਾਂ ਤੇ

ਜਮੀਨ ਖਰੀਦਣ ਦੀ ਪ੍ਰਵਾਨਗੀ ਦਿੱਤੀ ਜਾਵੇਗੀ ।

4. ਜਿਵੇਂ ਕਿ ਪਹਿਰਾ ਉਪਰ 1 ਵਿਚ ਸਪੱਸ਼ਟ ਕੀਤਾ ਗਿਆ ਹੈ, ਜੋ ਜਮੀਨ ਖਰੀਦੀ ਜਾਵੇਗੀ ਉਹ ਰਾਜ ਸਰਕਾਰ ਦੀਆਂ ਏਜੰਸੀਆਂ ਲਈ ਰੋਡ ਸੈਕਟਰ ਪ੍ਰੋਜੈਕਟਸ ਦੀ ਕੰਪਨਸੇਟਰੀ ਅਫਾਰਸਟੇਸ਼ਨ ਲਈ ਵਰਤੀ ਜਾਵੇਗੀ। ਰੋਡ ਪ੍ਰੋਜੈਕਟਸ ਦੇ ਉਨ੍ਹਾਂ ਕੇਸਾਂ ਵਿਚ ਜੋ ਬੀ. ਓ. ਟੀ. ਦੇ ਆਧਾਰ ਤੇ ਬਣਾਏ ਜਾਣਗੇ, ਸਬੰਧਤ ਵਿਭਾਗ (ਯੂਜਰ ਏਜੰਸੀ) ਪ੍ਰੋਜੈਕਟ ਐਸਟੀਮੇਟ ਵਿਚ ਜਮੀਨ ਦੀ ਕੀਮਤ ਵੀ ਸ਼ਾਮਲ ਕਰੇਗਾ। ਅਜਿਹੇ ਕੇਸਾਂ ਵਿਚ ਕੰਪਨਸੇਟਰੀ ਅਫਾਰਸਟੇਸਨ ਲਈ ਜਮੀਨ ਖਰੀਦਣ ਲਈ ਜੇਕਰ ਕਿਸੇ ਤਰ੍ਹਾਂ ਦੀ ਮੁਸ਼ਕਲ ਆਉਂਦੀ ਹੈ ਤਾਂ ਇਸ ਸਟੇਟ ਪਲੈਨ ਸਕੀਮ ਅਧੀਨ ਖਰੀਦ ਕੀਤੀ ਜਮੀਨ ਮੁੱਖ ਸਕੱਤਰ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਬਣਾਈ ਕਮੇਟੀ ਦੀ ਪ੍ਰਵਾਨਗੀ ਉਪਰੰਤ ਵਿਭਾਗ ਵਲੋਂ ਮੁੱਖ ਸਕੱਤਰ ਜੀ ਨਾਲ ਸਲਾਹ ਕਰਨ ਉਪਰੰਤ ਨਿਰਧਾਰਤ ਕੀਤੇ ਰੇਟਾਂ ਤੇ ਉਪਲਭਧ ਕਰਵਾਈ ਜਾ ਸਕਦੀ ਹੈ।

5. ਰੋਡ ਸੈਕਟਰ ਨੂੰ ਛੱਡ ਕੇ ਜੇਕਰ ਕੋਈ ਯੂਜਰ ਏਜੰਸੀ ਨਾਨ ਫਾਰੈਸਟਰੀ ਮੰਤਵ ਲਈ ਵਰਤਣ ਲਈ ਵਣ ਰਕਬੇ ਦੀ ਡਾਈਵਰਸ਼ਨ ਦੀ ਪ੍ਰਵਾਨਗੀ ਚਾਹੁੰਦੀ ਹੈ ਤਾਂ ਪੈਰਾ 3 ਵਿਚ ਦੱਸੇ ਅਨੁਸਾਰ ਖਰੀਦੀ ਗਈ ਜਮੀਨ ਹੇਠ ਲਿਖੇ ਅਨੁਸਾਰ ਵਰਤੀ ਜਾਵੇਗੀ:-

**i)** ਕੰਪਨਸੇਟਰੀ ਅਫਾਰਸਟੇਸ਼ਨ ਲਈ 2 ਹੈਕਟਰ ਤੋਂ ਘੱਟ ਰਕਬੇ ਲਈ ਕਿਸੇ ਵੀ ਯੂਜਰ ਏਜੰਸੀ ਲਈ ਇਹ ਲਾਜਮੀ ਹੋਵੇਗਾ ਕਿ ਉਹ ਪੰਜਾਬ ਰਾਜ ਵਣ ਵਿਕਾਸ ਨਿਗਮ ਵਲੋਂ ਆਪਣੇ ਫੰਡਜ ਨਾਲ ਖਰੀਦੀ ਜਮੀਨ ਵਿਚੋਂ ਪੰਜਾਬ ਵਣ ਵਿਭਾਗ ਤੇ ਨਿਗਮ ਵਲੋਂ ਸਲਾਹ ਕਰਕੇ ਨਿਰਧਾਰਤ ਕੀਤੀ ਕੀਮਤ ਤੇ ਗੈਰ ਵਣ ਭੂੰਮੀ ਖਰੀਦੇਗੀ।

**ii)** ਕੰਪਨਸੇਟਰੀ ਅਫਾਰਸਟੇਸ਼ਨ ਲਈ 2 ਹੈਕਟਰ ਰਕਬੇ ਤੋਂ ਵੱਧ ਲਈ ਯੂਜਰ ਏਜੰਸੀ ਜਾਂ ਖੁਦ ਆਪ ਜਾਂ ਕਿਸੇ ਦੂਜੀ ਏਜੰਸੀ ਦੇ ਸਹਿਯੋਗ ਨਾਲ ਆਪਣੇ ਫੰਡਜ ਨਾਲ ਬਲਾਕ ਫਾਰੈਸਟ ਦੇ ਨਾਲ ਲੱਗਦਾ ਗੈਰ-ਵਣ ਰਕਬਾ ਵਣ ਵਿਭਾਗ ਦੇ ਨਾਮ ਖਰੀਦ ਕੇ ਮੁਹੱਈਆ ਕਰਵਾਏਗੀ। ਜੇਕਰ ਫਾਰੈਸਟ ਏਰੀਏ ਦੇ ਨਾਲ ਲੱਗਦਾ ਗੈਰ-ਵਣ ਰਕਬਾ ਉਪਲਭਧ ਨਹੀਂ ਹੁੰਦਾ ਤਾਂ ਯੂਜਰ ਏਜੰਸੀ ਘੱਟੋ ਘੱਟ 10 ਹੈਕਟਰ ਗੈਰ-ਵਣ ਰਕਬੇ ਦਾ ਬਲਾਕ ਤਬਦੀਲ ਕਰਵਾਏਗਾ। ਕਿਸੇ ਕਾਰਨ ਜੇਕਰ ਯੂਜਰ ਏਜੰਸੀ ਵਣ ਰਕਬੇ ਦੇ ਬਰਾਬਰ ਗੈਰ-ਵਣ ਰਕਬਾ ਖਰੀਦਣ ਦੇ ਯੋਗ ਨਹੀਂ ਹੋਵੇਗੀ ਤਾਂ ਉਹ ਪੰਜਾਬ ਰਾਜ ਵਣ ਵਿਕਾਸ ਨੂੰ ਆਪਣੇ ਲਈ ਗੈਰ ਵਣ ਰਕਬਾ ਖਰੀਦਣ ਲਈ ਸੰਪਰਕ ਕਰ ਸਕਦੀ ਹੈ ਜਿਸ ਲਈ ਯੂਜਰ ਏਜੰਸੀ ਨੂੰ ਜਮੀਨ ਦੀ ਬਣਦੀ ਪੂਰੀ ਕੀਮਤ ਅਤੇ ਪੰਜਾਬ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੀ ਸਲਾਹ ਨਾਲ ਪੰਜਾਬ ਰਾਜ ਵਣ ਨਿਗਮ ਵਲੋਂ ਨਿਸਚਿਤ ਕੀਤੇ ਐਡਮਿਨਿਸਟਰੇਟਿਵ ਚਾਰਜ ਵੀ ਅਦਾ ਕਰਨੇ ਪੈਣਗੇ।

6. ਕਿਉਂਕਿ ਕੰਪਨਸੇਟਰੀ ਅਫਾਰਸਟੇਸਨ ਲਈ ਖਰੀਦ ਕੀਤੀ ਜਾਣ ਵਾਲੀ ਜਮੀਨ ਦੀ ਰਜਿਸਟਰੀ ਸਰਕਾਰ ਦੇ ਨਾਮ ਤੇ ਕਰਵਾਈ ਜਾਵੇਗੀ ਇਸ ਉਤੇ ਕੋਈ ਰਜਿਸਟਰੇਸਨ ਫੀਸ/ਸਟੈਂਪ ਡਿਊਟੀ/ਵਾਧੂ ਸਟੈਂਪ ਡਿਊਟੀ ਆਦਿ ਨਹੀਂ ਵਸੂਲੀ ਜਾਵੇਗੀ।

7. ਨੋਡਲ ਅਫਸਰ, (ਵਣ ਸੁਰੱਖਿਆ) ਐਕਟ, 1980 ਦਫਤਰ ਪ੍ਰਧਾਨ ਮੁੱਖ ਵਣ ਪਾਲ, ਪੰਜਾਬ ਅਤੇ ਪੰਜਾਬ ਰਾਜ ਵਣ ਵਿਕਾਸ ਨਿਗਮ ਲਿਮ ਵਲੋਂ ਰਾਇਲਟੀ ਦੀ ਰਕਮ ਜਾਂ ਆਪਣੇ ਰਿਜਰਵ ਫੰਡਜ਼ ਨਾਲ ਖਰੀਦੀ/ਵਰਤੀ ਗਈ ਜਮੀਨ ਦਾ ਹਿਸਾਬ ਵੱਖਰਾ ਰੱਖਿਆ ਜਾਵੇਗਾ। ਇਸ ਲੇਖੇ ਦਾ ਹਰ ਤਿਮਹਾਹੀ ਉਪਰੰਤ ਮੇਲ-ਮਿਲਾਪ ਕਰਕੇ ਇਸ ਦੀ ਤਿਮਾਹੀ ਰਿਪੋਟ ਭਾਰਤ ਸਰਕਾਰ ਨੂੰ ਭੇਜੀ ਜਾਵੇਗੀ।

8. ਪੰਜਾਬ ਰਾਜ ਵਣ ਵਿਕਾਸ ਨਿਗਮ ਵਲੋਂ ਕੰਪਨਸੇਟਰੀ ਅਫਾਰਸਟੈਸ਼ਨ ਲਈ ਜਮੀਨ ਖਰੀਦਣ ਲਈ ਕਾਰਜ-ਵਿਧੀ **ਅਨੁਲੱਗ-1-ਏ** ਅਨੁਸਾਰ ਅਪਣਾਈ ਜਾਵੇਗੀ। **ਅਨੁਲੱਗ 1 ਏ** ਦੀ ਕਾਰਜ-ਵਿਧੀ ਅਨੁਸਾਰ ਲਾਗੂ ਕਰਨ ਜਾਂ ਹੋਰ ਵਾਧੂ ਕਿਰਿਆਸ਼ੀਲ ਬਨਾਉਣ ਲਈ ਜੇਕਰ ਕਿਸੇ ਸੋਧ ਜਾਂ ਰੱਦੋ-ਬਦਲ ਦੀ ਜਰੂਰਤ ਪਈ ਤਾਂ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵਲੋਂ ਮੁੱਖ ਸਕੱਤਰ, ਪੰਜਾਬ ਜੀ ਰਾਹੀਂ ਮਾਨਯੋਗ ਵਣ ਮੰਤਰੀ ਪੰਜਾਬ ਜੀ ਤੋਂ ਪ੍ਰਵਾਨ ਕਰਵਾਈ ਜਾਵੇਗਾ

9. ਵਣ ਅਤੇ ਪਰਿਆਵਰਨ ਮਨਿਸਟਰੀ, ਭਾਰਤ ਸਰਕਾਰ ਨੂੰ ਇਸ ਪਾਲਿਸੀ ਬਾਰੇ ਸੂਚਿਤ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਸੀਹਮਤੀ ਵੀ ਪ੍ਰਾਪਤ ਕੀਤੀ ਜਾਵੇਗੀ।

ਉਪਰੋਕਤ ਪਾਲਿਸੀ ਅਧੀਨ ਪੰਜਾਬ ਰਾਜ ਵਣ ਵਿਕਾਸ ਨਿਗਮ ਵੱਲੋਂ ਜਮੀਨ ਖਰੀਦਣ ਲਈ ਅਪਣਾਈ ਜਾਣ ਵਾਲੀ ਕਾਰਜ ਵਿੱਧੀ ਹੇਠ ਅਨੁਸਾਰ ਹੋਵੇਗੀ:-

1. ਪੰਜਾਬ ਵਣ ਵਿਕਾਸ ਨਿਗਮ ਵਲੋਂ ਗੈਰ-ਵਣ ਰਕਬਾ ਜੋ ਕਿ ਵਾਨਿਕੀਕਰਨ ਦੇ ਯੋਗ ਹੋਵੇਗਾ ਖਰੀਦਣ ਲਈ ਆਮ ਪਬਲਿਕ ਨੂੰ ਪੇਸ਼ਕਸ਼ ਕੀਤੀ ਜਾਵੇਗੀ। ਵਣ ਵਿਭਾਗ ਪੰਜਾਬ ਦੇ ਰਿਕਾਰਡ ਅਨੁਸਾਰ ਖਰੀਦ ਕੀਤੀ ਜਾਣ ਵਾਲੀ ਇਹ ਜਮੀਨ ਵਣ ਰਕਬੇ (ਸਮੇਤ ਪੰਜਾਬ ਭੂਮੀ ਸੁਰੱਖਿਆ ਐਕਟ ਦੇ ਅਧੀਨ ਰਕਬਿਆਂ ਦੇ ) ਦੀ ਸ਼੍ਰੇਣੀ ਵਿਚ ਨਹੀਂ ਆਉਣੀ ਚਾਹੀਦੀ। ਇਸ ਮੰਤਵ ਲਈ ਬੋਲੀਆਂ ਉਹਨਾਂ ਜਮੀਨ ਦੇ ਮਾਲਕਾਂ ਪਾਸੋਂ ਲਈਆਂ ਜਾਣਗੀਆਂ ਜਿਹੜੇ ਕਿ ਸਬੰਧਤ ਕੁਲੈਕਟਰ ਅਤੇ ਡਿਪਟੀ ਕਮਿਸ਼ਨਰ ਵਲੋਂ ਨਿਰਧਾਰਤ ਕੀਤੇ ਰੇਟਾਂ ਤੋਂ ਘੱਟ ਰੇਟ ਤੇ ਜਮੀਨ ਦੇਣ ਲਈ ਤਿਆਰ ਹੋਣਗੇ। ਫਿਰ ਵੀ ਪਹਿਲਾ ਪਬਲਿਕ ਨੋਟਿਸ ਜਾਰੀ ਕੀਤਾ ਜਾਵੇਗਾ ਜਿਸ ਵਿਚ ਆਮ ਜਨਤਾ ਨੂੰ 5.00 ਲੱਖ ਰੁਪਏ ਤੋਂ ਘੱਟ ਜਮੀਨ ਦੇਣ ਲਈ ਬੇਨਤੀ ਕੀਤੀ ਜਾਵੇਗੀ। ਜਮੀਨ ਖਰੀਦਣ ਲਈ ਘੱਟੋ ਘੱਟ 10 ਹੈਕਟਰ ਦਾ ਬਲਾਕ ਵਿਚਾਰਿਆ ਜਾਵੇਗਾ। ਖਰੀਦ ਕੀਤੀ ਜਾਣ ਵਾਲੀ ਜਮੀਨ ਜੇਕਰ ਸਰਕਾਰੀ ਵਣ ਜਮੀਨ ਦੇ ਨਾਲ ਲੱਗਦੀ ਹੋਵੇਗੀ ਉਥੇ ਘੱਟੋ ਘੱਟ 10 ਹੈਕਟਰ ਹੋਣ ਵਾਲੀ ਸ਼ਰਤ ਲਾਗੂ ਨਹੀਂ ਕੀਤੀ ਜਾਵੇਗੀ। ਵਣ ਰਕਬੇ ਨਾਲ ਲੱਗਦੀ ਜਮੀਨ ਨੂੰ ਖਰੀਦਣ ਲਈ ਹਮੇਸ਼ਾਂ ਪਹਿਲ ਦਿੱਤੀ